**BCM SCHOOL BASANT AVENUE DUGRI ROAD LUDHIANA**

**CLASS – 5TH**

**PUNJABI ASSIGNMENT- 2 (ANSWER KEY)**

**1. . ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ :-**

**(ੳ)** ਰਿੰਨੀ - ਪਕਾਈ **(ਅ)** ਪੋਰੀ – ਛੋਟਾ ਟੁਕੜਾ (ੲ) ਬੂੰਦਾਂ - ਤੁਪਕੇ

2. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ :-

**(ੳ)** ਤਿਉਹਾਰ - ਅੱਜ ਰੱਖੜੀ ਦਾ ਤਿਉਹਾਰ ਹੈ।

(ਅ) ਨੀਂਦਰ - ਮੈਨੂੰ ਬਹੁਤ ਨੀਂਦਰ ਆ ਰਹੀ ਹੈ।

(ੲ) ਰੁੱਖ - ਇਹ ਪਿੱਪਲ ਦਾ ਰੁੱਖ ਹੈ।

3. ਛੋਟੇ ਪ੍ਰਸ਼ਨ / ਉੱਤਰ :-

**(ੳ)** ਆਪਣੀਆਂ ਧਰਮ ਦੀਆਂ ਧੀਆਂ।

**(ਅ)** ਵਿਗਿਆਨ ਦਾ।

4. ਵੱਡੇ ਪ੍ਰਸ਼ਨ / ਉੱਤਰ :-

(ੳ) ਲੋਹੜੀ ਦਾ ਤਿਉਹਾਰ ਮਾਘ ਮਹੀਨੇ ਦੀ ਸੰਗਰਾਂਦ ਤੋਂ ਇੱਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ। ਅੰਗਰੇਜ਼ੀ ਮਹੀਨੇ ਦੇ ਹਿਸਾਬ ਨਾਲ ਜਨਵਰੀ ਵਿੱਚ ਮਨਾਇਆ ਜਾਂਦਾ ਹੈ।

(ਅ) ਕਾਂ ਨੇ ਚਿੜੀ ਨੂੰ ਜਵਾਬ ਦਿੱਤਾ ਕਿ ਮੈਂ ਪੁਰਾਣੇ ਜ਼ਮਾਨੇ ਦਾ ਕਾਂ ਨਹੀਂ। ਮੈਂ ਮਸ਼ੀਨੀ ਯੁੱਗ ਦਾ ਕਾਂ ਹਾਂ। ਜਿੱਥੇ ਹਰ ਕੰਮ ਨੂੰ ਘੱਟ ਸਮੇਂ ਵਿੱਚ ਕਰਨ ਦੀ ਕਾਢ ਕੱਢੀ ਜਾਂਦੀ ਹੈ। ਮੈਂ ਵੀ ਕੋਈ ਜੁਗਾੜ ਲਗਾਉਂਦਾ ਹਾਂ।

5. ਬਹੁ-ਵਿਕਲਪੀ ਪ੍ਰਸ਼ਨ :-

(1) 'ਪੰਡਤ ਮੰਦਰ ਵਿੱਚ ਪੂਜਾ ਕਰ ਰਿਹਾ ਹੈ।' ਵਾਕ ਦਾ ਲਿੰਗ ਬਦਲੋ।

(ੳ) ਪੰਡਤਣੀ ਮੰਦਰ ਵਿੱਚ ਪੂਜਾ ਕਰ ਰਹੀ ਹੈ। (ਅ) ਪੰਡਤਾਣੀ ਮੰਦਰ ਵਿੱਚ ਪੂਜਾ ਕਰ ਰਹੀ ਹੈ।

(ੲ) ਪੰਡਤਾਣੀ ਮੰਦਰ ਵਿੱਚ ਪੂਜਾ ਕਰ ਰਿਹਾ ਹੈ।

(2) 'ਮੇਰੇ ਕੋਲ ਬਿੱਲੀ ਹੈ।' ਵਾਕ ਦਾ ਵਚਨ ਬਦਲੋ।

(ੳ) ਮੇਰੇ ਕੋਲ ਬਿੱਲੇ ਹਨ। (ਅ) ਮੇਰੇ ਕੋਲ ਬਿੱਲੀਆਂ ਹੈ।

(ੲ) ਮੇਰੇ ਕੋਲ ਬਿੱਲੀਆਂ ਹਨ।

(3) ਗਲਾਸ ਵਿੱਚ ਪਾਣੀ ਥੋੜ੍ਹਾ ਹੈ। ਰੇਖਾਂਕਿਤ ਕੀਤੇ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ।

(ੳ) ਬਹੁਤ (ਅ) ਘੱਟ (ੲ) ਨਾ ਮਾਤਰ

(4) 'ਚੂਹੇ ਬਿੱਲੀ ਨੂੰ ਵੇਖ ਕੇ ਲੁਕ ਗਏ।' ਵਾਕ ਲਈ ਸਹੀ ਮੁਹਾਵਰਾ ਚੁਣੋ।

(ੳ) ਸਹਿਮ ਜਾਣਾ (ਅ) ਛਾਈਂ-ਮਾਈਂ ਹੋਣਾ (ੲ) ਕੰਨਾਂ ਨੂੰ ਹੱਥ ਲਾਉਣੇ

(5) ਕਥਨ - ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖਣਾ ਵੀ ਇੱਕ ਕਲਾ ਹੈ। ਕਾਰਨ -ਕਿਉਂਕਿ ਇਹ ਕਲਾ ਸੰਖੇਪ ਰਚਨਾ ਵਿੱਚ ਬਹੁਤ ਫਾਇਦੇਮੰਦ ਸਾਬਤ ਹੁੰਦੀ ਹੈ।

(ੳ) ਕਥਨ ਤੇ ਕਾਰਨ ਦੋਵੇਂ ਗ਼ਲਤ ਹਨ। (ਅ) ਕਥਨ ਕਾਰਨ ਦੀ ਸਹੀ ਵਿਆਖਿਆ ਨਹੀਂ ਕਰ ਰਿਹਾ ਹੈ।

(ੲ) ਕਥਨ ਤੇ ਕਾਰਨ ਦੋਵੇਂ ਸਹੀ ਹਨ।